ਵਿਸ਼ਾ-ਸਵਾਗਤ ਜ਼ਿੰਦਗੀ

ਜਮਾਤ ਦਸਵੀਂ

ਕੁੱਲ ਅੰਕ 50 ਜ਼ਰੂਰੀ ਹਦਾਇ

ਸਮਾਂ 3 ਘੰਟਾ

:- ਸਾਰੇ ਹੀ ਪ੍ਰਸ਼ਨ ਸਹੀ ਵਿਕਲਪ ਚੁਣਦੇ ਹੋਏ ਹੱਲ ਕੀਤੇ ਜਾਣ।

ਪ੍ਰਸ਼ਨ :1. (10*1=10 ਅੰਕ)

ੳ) ਅਸੀਂ ਆਮ ਤੋਂ ਖ਼ਾਸ ਕਿਵੇਂ ਬਣ ਸਕਦੇ ਹਾਂ ?

o ਧਨ ਦੌਲਤ ਸਦਕਾ o ਹੁਨਰ ਸਦਕਾ o ਚਲਾਕੀ ਨਾਲ o ਰੋਅਬ ਨਾਲ

ਅ) ਅੱਜ-ਕੱਲ੍ਹ ਦਾ ਯੁੱਗ ਕਿਹੋ ਜਿਹਾ ਹੈ ?

o ਤਕਨਾਲੋਜੀ ਅਤੇ ਵਿਗਿਆਨ ਦਾ o ਅੰਧ ਵਿਸ਼ਵਾਸ ਦਾ o ਪੁਰਾਤਨਤਾ ਦਾ o ਦਕੀਆਨੂਸੀ

ੲ) ਨਿਮਨ ਲਿਖਤ ਵਿੱਚੋਂ ਕਿਹੜਾ ਚੰਗੇ ਵਿਹਾਰ ਦਾ ਲੱਛਣ ਨਹੀਂ ਹੈ ?

o ਮਿੱਠਾ ਬੋਲਣਾ o ਹਮਦਰਦੀ o ਈਰਖਾ o ਮਿਹਨਤ

ਸ) ਦੁਨੀਆਂ ਵਿੱਚ ਹਰ ਮਨੁੱਖ ਕਿਹੋ ਜਿਹਾ ਹੈ ?

o ਵਿਲੱਖਣ o ਉਦਾਸ o ਚੁਸਤ o ਇੱਕੋ ਜਿਹਾ

ਹ) ਵਿੱਛੜਨਾ ਵੀ ਕਿਹੋ ਜਿਹਾ ਹੋਣਾ ਚਾਹੀਦਾ ਹੈ ?

o ਮਜ਼ਾਕੀਆ o ਰੋਸ਼ੇਦਾਰ o ਰੋਅਬਦਾਰ o ਸਲੀਕੇਦਾਰ

ਕ) ਰਿਸ਼ਤੇ ਨਿਭਾਉਣ ਲਈ ਸਾਡਾ ਦ੍ਰਿਸ਼ਟੀਕੋਣ ਕਿਹੋ ਜਿਹਾ ਹੋਣਾ ਚਾਹੀਦਾ ਹੈ ?

o ਤੰਗ o ਵਿਸ਼ਾਲ o ਨੀਵਾਂ o ਘੁਟਣ ਭਰਿਆ

ਖ) ਆਪਣੇ ਕਰੀਅਰ ਦੀ ਚੋਣ ਲਈ ਕੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ ?

o ਆਪਣੀ ਰੁਚੀ o ਘਰ ਦੇ ਹਾਲਾਤ o ਸਮੇਂ ਦੀ ਮੰਗ o ਇਹ ਸਾਰੇ

ਗ) ਚੰਗੀ ਸਿਹਤ ਲਈ ਕੀ ਵਧੇਰੇ ਜ਼ਰੂਰੀ ਹੈ ?

o ਬਾਜ਼ਾਰੀ ਖ਼ੁਰਾਕ o ਕਸਰਤ ਅਤੇ ਘਰ ਬਣਿਆ ਪੌਸ਼ਟਿਕ ਖਾਣਾ o ਅਸੰਤੁਲਿਤ ਭੋਜਨ o ਕੇਵਲ ਕਸਰਤ

ਘ) ਤੁਹਾਨੂੰ ਸਿਲਸਿਲਾ ਇਕਾਂਗੀ 'ਚ ਸਭ ਤੋਂ ਸਹਿਣਸ਼ੀਲ ਪਾਤਰ ਕੌਣ ਜਾਪਿਆ ?

o ਦਾਦਾ o ਦਾਦੀ o ਰਿਤੰਬਰ o ਸਿਮਰਨ

ਙ) ਚੰਗੇ ਮਨੁੱਖੀ ਸੰਬੰਧਾਂ ਲਈ ਕੀ ਸਵੀਕਾਰਨਾ ਜ਼ਰੂਰੀ ਹੈ ?

o ਆਪਸੀ ਭਿੰਨਤਾ o ਦੁਸ਼ਮਣੀ o ਸ਼ੱਕ o ਈਰਖਾ

ਪ੍ਰਸ਼ਨ :2. (5*1=5 ਅੰਕ)

ੳ) ਨਿਮਨ ਲਿਖਤ ਵਿੱਚੋਂ ਕਿਹੜਾ ਕਥਨ ਸਹੀ ਹੈ ?

o ਸਮੇਂ ਦੀ ਕਦਰ ਕਰੋ o ਕਿਸੇ ਦੀ ਮਦਦ ਨਾ ਕਰੋ o ਆਪਣਾ ਮਤਲਬ ਦੇਖੋ

ਅ) ਨਿਮਨ ਲਿਖਤ ਵਿਚੋਂ ਕਿਹੜਾ ਕਥਨ ਗ਼ਲਤ ਹੈ?

o ਨਵਾਂ ਸਿੱਖਣ ਲਈ ਤਿਆਰ ਰਹੋ o ਮਿਲਣਸਾਰ ਬਣੋ o ਚੁਣੌਤੀ ਸਵੀਕਾਰੋ o ਜ਼ਿੰਮੇਵਾਰੀ ਤੋਂ ਭੱਜਣਾ ਸਹੀ ਹੱਲ ਹੈ।

ੲ) ਸਹੀ ਕਥਨ ਚੁਣੋ :-

o ਇੰਟਰਨੈੱਟ, ਗਿਆਨ ਹਾਸਿਲ ਕਰਨ ਲਈ ਵਰਤਣਾ ਚਾਹੀਦਾ ਹੈ। o ਇੰਟਰਨੈੱਟ 'ਤੇ ਕੀਤੀਆਂ ਗ਼ਲਤੀਆਂ ਫ਼ਾਇਦੇਮੰਦ ਹਨ।

o ਸਾਰਾ ਦਿਨ ਨੈੱਟ ਵਰਤਣਾ ਚਾਹੀਦਾ ਹੈ o ਸੋਸ਼ਲ ਮੀਡੀਆ ਹੀ ਸਭ ਕੁਝ ਹੈ

Scanned with CamScanner

ਸ) ਗ਼ਲਤ ਕਥਨ ਚੁਣੋ :- ○ ਗ਼ਲਤ ਧਾਰਨਾਵਾਂ ਤੋਂ ਬਚੋ

○ ਚੰਗਾ ਵਿਹਾਰ ਸਾਡੀ ਸ਼ਖ਼ਸੀਅਤ ਨੂੰ ਚਾਰ ਚੰਨ ਲਾਉਂਦਾ ਹੈ ○ ਸਮੂਹਿਕ ਕਾਊਂਸਲਿੰਗ ਵਿਚ ਦੋ ਤੋਂ ਵੱਧ ਵਿਅਕਤੀ ਸ਼ਾਮਲ ਹੁੰਦੇ ਹਨ

○ ਅਭਿਆਸ ਕਰਨ ਨਾਲ ਹੁਨਰ ਨਹੀਂ ਨਿੱਖਰ ਸਕਦਾ

ਹ) ਜੋ ਕਥਨ ਸਹੀ ਨਹੀਂ ਹੈ, ਉਹ ਚੁਣੋ :-

○ ਅਜੋਕੇ ਯੁੱਗ ਵਿੱਚ ਮੁੰਡੇ ਤੇ ਕੁੜੀ ਵਿਚਲਾ ਭੇਦਭਾਵ ਘਟ ਗਿਆ ਹੈ ○ ਕੁੜੀਆਂ ਮੁੰਡਿਆਂ ਤੋਂ ਘੱਟ ਨਹੀਂ ਹਨ

○ ਅਜੋਕੇ ਯੁੱਗ ਵਿੱਚ ਮੁੰਡਿਆਂ ਅਤੇ ਕੁੜੀਆਂ ਵਿਚਲਾ ਭੇਦ ਭਾਵ ਵਧ ਗਿਆ ਹੈ

ਪ੍ਰਸ਼ਨ 3. ਸਹੀ ਵਿਕਲਪ ਚੁਣ ਕੇ ਖਾਲੀ ਥਾਂਵਾਂ ਭਰੋ।=1*5) 5 ਅੰਕ )

ੳ) ਹੁਨਰ ਨੂੰ ਤਰਾਸ਼ਣ ਲਈ ........ ਲੈਣੀ ਚਾਹੀਦੀ ਹੈ।

○ ਦੌਲਤ ○ ਰਿਸ਼ਵਤ ○ ਸਿਖਲਾਈ ○ ਮੁਕਤੀ

ਅ) ਪੂਜ ਬਜ਼ੁਰਗਾਂ ਨੂੰ ਕਦੇ ਤੂੰ ਵੀ ..... ਹੋਣਾ।

○ ਬੱਚਾ ○ ਜਵਾਨ ○ ਬਜ਼ੁਰਗ ○ ਅਮੀਰ

ੲ) ਸਮਾਜ ਵਿੱਚ ਵਿਚਰਦਿਆਂ ਸਾਨੂੰ ਸਭ ਨਾਲ.... ਵਿਹਾਰ ਕਰਨਾ ਚਾਹੀਦਾ ਹੈ

○ ਅਨਿਆਂ ਪੂਰਨ ○ ਸਤਿਕਾਰ ਹੀਣ. ○ ਪੱਖਪਾਤੀ ○ ਨਿਆਂਪੂਰਨ

ਸ) ..... ਮੁੱਦਿਆਂ ਨੂੰ ਵਿਸ਼ੇਸ਼ ਧਿਆਨ ਸਹਿਜ ਅਤੇ ਸਿਆਣਪ ਨਾਲ ਸੁਲਝਾਉਣਾ ਚਾਹੀਦਾ ਹੈ ।

○ ਅਣਲੋੜੀਂਦੇ ○ ਗ਼ੈਰ ਜ਼ਰੂਰੀ ○ ਮਾਮੂਲੀ ○ ਨਾਜ਼ੁਕ

ਹ) ਰਿਸ਼ਤਿਆਂ ਨੂੰ ਸਮਾਜਿਕ..... ਵਿੱਚ ਰਹਿ ਕੇ ਨਿਭਾਉਣਾ ਚਾਹੀਦਾ ਹੈ

○ ਸੀਮਾ ○ ਨੀਂਹ ਪੱਥਰ ○ ਸਮੱਸਿਆ ○ਮੁਸ਼ਕਿਲ

ਪ੍ਰਸ਼ਨ 4. ਨਿਮਨ ਲਿਖਤ ਪੈਰੇ ਨੂੰ ਪੜ੍ਹ ਕੇ ਕੇ ਪ੍ਰਸ਼ਨਾਂ ਦੇ ਉੱਤਰ ਸਹੀ ਵਿਕਲਪ ਚੁਣਦੇ ਹੋਏ ਦਿਓ (5*1=5 ਅੰਕ) :-

" ਚੰਗਾ ਰਵੱਈਆ ਤੇ ਵਿਹਾਰ ਸਾਡੀ ਸ਼ਖ਼ਸੀਅਤ ਨੂੰ ਚਾਰ ਚੰਨ ਲਗਾ ਦਿੰਦੇ ਹਨ। ਕਿਸੇ ਨਾਲ ਅਸੀਂ ਕਿਹੋ ਜਿਹਾ ਵਰਤਾਓ ਕਰਦੇ ਹਾਂ, ਕਿਸੇ ਸਥਿਤੀ ਵਿੱਚ ਅਸੀਂ ਕੀ ਪ੍ਰਤੀਕਿਰਿਆ ਕਰਦੇ ਹਾਂ ,ਇਹ ਸਭ ਸਾਡੇ ਵਿਹਾਰ ਅਤੇ ਵਿਅਕਤੀਤਵ ਦੀ ਪਛਾਣ ਹੈ।ਇਸ ਲਈ ਸਹੀ ਰਵੱਈਏ ਸਿੱਖਦੇ ਅਤੇ ਅਪਣਾਉਂਦੇ ਰਹਿਣਾ ਜ਼ਰੂਰੀ ਹੈ। ਉਦਾਹਰਣ ਵਜੋਂ ਕਿਸੇ ਨਾਲ ਲੜਨਾ, ਸ਼ੱਕ ਕਰਨਾ, ਨਾਂਹ-ਪੱਖੀ ਰਵੱਈਏ ਹਨ। ਇਨ੍ਹਾਂ ਦੀ ਬਜਾਏ ਖੁਸ਼ ਰਹਿਣਾ, ਆਸ਼ਾਵਾਦੀ ਰਹਿਣਾ, ਮਿਹਨਤ ਕਰਨੀ, ਮਿੱਠਾ ਬੋਲਣਾ ਆਦਿ ਚੰਗੇ ਵਿਹਾਰ ਦੇ ਲੱਛਣ ਹਨ।

ੳ) ਸਾਡੀ ਸ਼ਖ਼ਸੀਅਤ ਨੂੰ ਚਾਰ ਚੰਨ ਲਗਾਉਣ ਵਾਲੇ ਕਾਰਕਾਂ ਦੇ ਨਾਂ ਦੱਸੋ।

○ ਚੰਗਾ ਰਵੱਈਆ ○ ਵਿਹਾਰ ○ ਚੰਗਾ ਰਵੱਈਆ ਤੇ ਵਿਹਾਰ ○ ਦੁਰਵਿਵਹਾਰ

ਅ) ਨਾਂਹ-ਪੱਖੀ ਵਿਹਾਰ ਕਿਹੜਾ ਨਹੀਂ ਹੈ ?

○ ਖ਼ੁਸ਼ ਰਹਿਣਾ ○ ਸ਼ੱਕ ਕਰਨਾ ○ ਲੜਾਈ ਕਰਨਾ ○ ਵਿਹਲੇ ਰਹਿਣਾ

ੲ) ਮਿਹਨਤ ਕਰਨਾ ਕਿਹੋ ਜਿਹੇ ਰਵੱਈਏ ਦਾ ਸੂਚਕ ਹੈ ?

○ ਨਾਂਹ-ਪੱਖੀ ○ ਹਾਂ - ਪੱਖੀ ○ ਉਦਾਸੀਨ ○ ਖਿਝੂ

ਸ) ਨਿਰਾਸ਼ਾਵਾਦੀ ਰਵੱਈਆ ਕਿਸ ਦਾ ਸੂਚਕ ਹੈ?

○ ਸਕਾਰਾਤਮਕ ਰਵੱਈਆ ○ ਨਾਕਾਰਾਤਮਕ ਰਵੱਈਆ ○ ਚੰਗਾ ਰਵੱਈਆ ○ ਕੁਝ ਵੀ ਨਹੀਂ

ਹ) ਸਾਡੇ ਵਿਹਾਰ ਅਤੇ ਵਿਅਕਤੀਤਵ ਦੀ ਪਛਾਣ ਕਿਸ ਤੋਂ ਹੁੰਦੀ ਹੈ?

○ ਪਹਿਰਾਵੇ ਤੋਂ ○ ਦਿਖਾਵੇ ਤੋਂ ○ ਗਹਿਣੇ ਤੋਂ ○ ਵਰਤਾਅ ਤੋਂ

Scanned with CamScanner

v. ਨਿਮਨਲਿਖਿਤ ਪ੍ਰਸ਼ਨਾਂ ਦੇ ਉੱਤਰ ਦਿਓ:- 5*5=25

1. ਤੰਗ ਸੋਚ ਵਾਲੇ ਵਿਅਕਤੀ ਦੇ ਵਿਵਹਾਰ ਤੇ ਖੁੱਲੀ ਸੋਚ ਵਾਲੇ ਵਿਅਕਤੀ ਦੇ ਵਿਵਹਾਰ ਵਿੱਚ ਕੀ ਫਰਕ ਹੁੰਦਾ ਹੈ?

2. ਕੁੜੀਆਂ ਅਤੇ ਮੁੰਡਿਆ ਵਿੱਚ ਕੀ ਅੰਤਰ ਹੈ?

3. ਮੋਬਾਇਲ ਫੋਨ ਦੇ ਕੀ ਫਾਇਦੇ ਅਤੇ ਕੀ ਨੁਕਸਾਨ ਹਨ?

4. ਰਿਸ਼ਤੇ ਨਿਭਾਉਨਦੇ ਸਮੇਂ ਕਿਹੜੀ ਸੀਮਾਂਵਾਂ ਵਿੱਚ ਰਹਿਣਾ ਚਾਹੀਦਾ ਅਤੇ ਕਿਓਂ?

5. ਅਜੋਕੇ ਸਮੇਂ ਵਿੱਚ ਕਰੀਅਰ ਦੇ ਇੱਕ ਤੋਂ ਵੱਧ ਟਿੱਚੇ ਕਿਓਂ ਮਿੱਥ ਕੇ ਚੱਲਣਾ ਚਾਹੀਦਾ?

Scanned with CamScanner